# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਮੀਮੋਨੰ:DySPD (PEDB)/2021/259172 ਮਿਤੀ: 30.07.2021

## ਜਨਤਕ ਸੂਚਨਾ

1.0 ਵਿਭਾਗ ਵੱਲੋਂ 2527 ਅਧਿਆਪਕਾਂ ਦੀ ਨਿਯੁਕਤੀ ਦੀ ਪ੍ਰੀਕ੍ਰਿਆ ਪੂਰੀ ਕਰਨ ਉਪਰੰਤ ਉਨ੍ਹਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾ ਰਹੇ ਹਨ। ਇਨ੍ਹਾਂ ਨਵ ਨਿਯੁਕਤ ਅਧਿਆਪਕਾਂ ਨੂੰ ਸਟੇਸ਼ਨ ਚੋਣ ਕਰਵਾਉਣ ਤੋਂ ਪਹਿਲਾਂ 3704 ਸਾਇੰਸ, ਮੈਥ ਅਤੇ ਅੰਗਰੇਜੀ ਅਧਿਆਪਕਾਂ ਦੀ ਭਰਤੀ ਪ੍ਰੀਕ੍ਰਿਆ ਅਧੀਨ ਨਿਯੁਕਤ ਹੋਏ ਸਮੂਹ ਅਧਿਆਪਕਾਂ ਅਤੇ 3582 ਅਧਿਆਪਕਾਂ ਦੀ ਭਰਤੀ ਪ੍ਰੀਕ੍ਰਿਆ ਅਧੀਨ ਜਿਨ੍ਹਾਂ ਅਧਿਆਪਕਾਂ ਨੂੰ ਮਈ 2021 ਉਪਰੰਤ ਨਿਯੁਕਤੀ ਪੱਤਰ ਦਿੱਤੇ ਗਏ ਹਨ ਨੂੰ ਬਦਲੀ ਕਰਵਾਉਣ ਦਾ ਇੱਕ ਮੌਕਾ ਦਿੱਤਾ ਜਾਂਦਾ ਹੈ।

2.0 3704 ਸਾਇੰਸ, ਮੈਥ ਅਤੇ ਅੰਗਰੇਜੀ ਅਧਿਆਪਕਾਂ ਦੀ ਭਰਤੀ ਪ੍ਰੀਕ੍ਰਿਆ ਅਧੀਨ ਨਿਯੁਕਤ ਹੋਏ ਸਮੂਹ ਅਧਿਆਪਕਾਂ ਅਤੇ 3582 ਅਧਿਆਪਕਾਂ ਦੀ ਭਰਤੀ ਪ੍ਰੀਕ੍ਰਿਆ ਅਧੀਨ ਨਿਯੁਕਤ ਹੋਏ ਅਧਿਆਪਕਾਂ ਦੀ ਬਦਲੀ ਲਈ ਮੈਰਿਟ ਰੋਸਟਰ ਅਨੁਸਾਰ ਅਤੇ ਉਨ੍ਹਾਂ ਦੀ ਨਿਯੁਕਤੀ ਦੇ ਮੈਰਿਟ ਅੰਕਾਂ ਅਨੁਸਾਰ ਤਿਆਰ ਕੀਤੀ ਜਾਵੇਗੀ।

3.0 3704 ਸਾਇੰਸ, ਮੈਥ ਅਤੇ ਅੰਗਰੇਜੀ ਅਧਿਆਪਕਾਂ ਦੀ ਭਰਤੀ ਪ੍ਰੀਕ੍ਰਿਆ ਅਧੀਨ ਨਿਯੁਕਤ ਹੋਏ ਸਮੂਹ ਅਧਿਆਪਕ ਅਤੇ 3582 ਅਧਿਆਪਕਾਂ ਦੀ ਭਰਤੀ ਪ੍ਰੀਕ੍ਰਿਆ ਅਧੀਨ ਨਿਯੁਕਤ ਹੋਏ ਅਧਿਆਪਕ ਆਪਣੇ ਵੇਰਵੇ epunjab school Portal ਤੇ ਦਰਜ ਕਰਨਗੇ।

4.0 ਬਦਲੀ ਲਈ ਪਹਿਲ Teacher Transfer Policy-2019 ਦੀ ਮੱਦ ਨੰ:9 ਅਨੁਸਾਰ Exempted Category ਦੇ ਅਧਿਆਪਕਾਂ ਨੂੰ ਦਿੱਤੀ ਜਾਵੇਗੀ।

5.0 ਪੈਰ੍ਹਾ ਨੰ:1 ਵਿੱਚ ਦਰਸਾਏ ਸਮੂਹ ਅਧਿਆਪਕ ਬਦਲੀ ਲਈ ਆਪਣੀ ਆਨਲਾਈਨ ਬੇਨਤੀ ਅਤੇ ਸਟੇਸਨ ਚੋਣ epunjab school Portal ਤੇ ਲਾਗ ਇਨ ਕਰਕੇ ਮਿਤੀ 02.08.2021 ਤੋਂ 03.08.2021 ਤੱਕ ਦੇ ਸਕਦੇ ਹਨ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।